Roll No. ..................

Total No. of Questions : 9]

**002**

[Total No. of Printed Pages : 3

**SS**

**2067**

ਸਲਾਨਾ ਪਰੀਖਿਆ ਪ੍ਰਨਾਲੀ

**GENERAL PUNJABI**

**(Common for All Groups and Vocational Stream)**

**(Evening Session)**

Time allowed : Three hours

Maximum marks : 65

ਨੋਟ : *(i)* ਆਪਣੀ ਉੱਤਰ-ਪੱਤਰੀ ਦੇ ਟਾਇਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **002** ਜ਼ਰੂਰ ਦਰਜ ਕਰੋ ਜੀ ।

*(ii)* ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਇਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

*(iii)* ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

*(vi)* ਸਾਰੇ ਪ੍ਰਸ਼ਨ ਜ਼ਰੂਰੀ ਹਨ ।

*(v)* ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।

ਵਸਤੂਨਿਸ਼ਠ ਪ੍ਰਸ਼ਨ :

1. ਸਾਰੇ ਪ੍ਰਸ਼ਨ ਜ਼ਰੂਰੀ ਹਨ । ਹਰੇਕ ਪ੍ਰਸ਼ਨ 1 ਅੰਕ ਦਾ ਹੈ ।

(ੳ) 'ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ' ਪਾਠ ਦਾ ਲੇਖਕ ਕੌਣ ਹੈ ?

(ਅ) ਸ੍ਰੀ ਸੁਖਦੇਵ ਮਾਦਪੁਰੀ ਦੀ ਕਿਹੜੀ ਰਚਨਾ 'ਲਾਜ਼ਮੀ ਪੰਜਾਬੀ' ਪਾਠ-ਪੁਸਤਕ ਵਿੱਚ ਸ਼ਾਮਲ ਕੀਤੀ ਗਈ ਹੈ ?

(ੲ) ਹੇਠ ਲਿਖਿਆ ਕਥਨ ਠੀਕ ਹੈ ਜਾਂ ਗ਼ਲਤ :

'ਬੱਚੇ ਨੂੰ ਦਿੱਤੀ ਗੁੜ੍ਹਤੀ ਦਾ ਉਸ ਦੇ ਸੁਭਾ ਉੱਤੇ ਚੋਖਾ ਅਸਰ ਮੰਨਿਆ ਜਾਂਦਾ ਹੈ ।'

(ਸ) ਪੰਜਾਬ ਦੇ ਲੋਕ-ਨਾਚ ਕਿਸ ਪ੍ਰਕਾਰ ਦੀ ਕਲਾ ਹਨ ?

(i) ਲੋਕ-ਕਲਾ (ii) ਕੋਮਲ-ਕਲਾ

(iii) ਕਹਾਣੀ-ਕਲਾ (vi) ਕਵਿ-ਕਲਾ

(ਹ) ਭਾਰਤ ________ ਵਿੱਚ ਏਕਤਾ ਵਾਲਾ ਦੇਸ ਹੈ ।

(ਕ) ਨਕਲਾਂ ਕਰਨ ਵਾਲ਼ੇ ਕਲਾਕਾਰ ਨੂੰ ਕੀ ਕਿਹਾ ਜਾਂਦਾ ਹੈ ?

(ਖ) ਨੀਲੀ ਦੀ ਵੱਛੀ ਦੀ ਸ਼ਕਲ ਨਿਰੀ-ਪੁਰੀ ਨੀਲੀ ਵਰਗੀ ਸੀ । (ਸਹੀ/ਗ਼ਲਤ)

(ਗ) 'ਚੁੰਮ-ਚੁੰਮ ਰੱਖੋ' ਕਵਿਤਾ ਦੇ ਕਵੀ ਕੌਣ ਹਨ ?

(ਘ) ਹੇਠ ਲਿਖੀ ਅਖਾਉਤ ਵਿੱਚ ਸਹੀ ਸ਼ਬਦ ਭਰ ਕੇ ਅਖਾਉਤ ਪੂਰੀ ਕਰੋ :

ਹੱਥਾਂ ਬਾਝ ਕਰਾਰਿਆਂ ________ ।

(ਙ) ਹੇਠ ਲਿਖੀ ਅਖਾਉਤ ਵਿੱਚ ਸਹੀ ਸ਼ਬਦ ਭਰ ਕੇ ਅਖਾਉਤ ਪੂਰੀ ਕਰੋ :

________ਸੌ ਦਰ ਖੁੱਲ੍ਹਾ ।

10×1=10

2. ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਪੰਜਾਬੀ ਸੱਭਿਆਚਾਰ ਦੇ ਮੁੱਖ ਲੱਛਣ ਕੀ ਹਨ ?

(ਅ) ਪੰਜਾਬ ਦੇ ਮੁੱਖ ਮੌਸਮੀ ਮੇਲੇ ਕਿਹੜੇ-ਕਿਹੜੇ ਹਨ ? ਇਹਨਾਂ ਵਿੱਚੋਂ ਕਿਸੇ ਇੱਕ ਮੇਲੇ ਬਾਰੇ ਸੰਖੇਪ ਨੋਟ ਲਿਖੋ ।

(ੲ) ਮਨੁੱਖੀ ਜੀਵਨ ਵਿੱਚ ਰਸਮ-ਰਿਵਾਜਾਂ ਦਾ ਕੀ ਮਹੱਤਵ ਹੈ ?

(ਸ) ਲੋਕ-ਖੇਡਾਂ ਪਾਠ ਦੇ ਆਧਾਰ 'ਤੇ ਦੱਸੋ ਕਿ ਲੋਕ-ਖੇਡਾਂ ਦੀ ਜੀਵਨ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਹੈ, ਕਿਵੇਂ ?

(ਹ) ਨਵਰਾਤਿਆਂ ਦੇ ਦਿਨਾਂ ਦੇ ਦੌਰਾਨ ਕੁੜੀਆਂ ਵੱਲੋਂ ਬਣਾਇਆਂ ਜਾਂਦੀਆਂ ਮਿੱਟੀ ਦੀਆਂ ਮੂਰਤੀਆਂ ਬਾਰੇ ਜਾਣਕਾਰੀ ਦਿਓ ।

(ਕ) ਪੰਜਾਬ ਦੇ ਮਰਦਾਵੇਂ ਲੋਕ-ਨਾਚਾਂ ਦਾ ਸੰਖੇਪ ਵਰਨਣ ਕਰੋ ।

(ਖ) ਮੰਚ ਦੇ ਪੱਖ ਤੋਂ ਨਕਲਾਂ ਦੀਆਂ ਕੀ ਵਿਸ਼ੇਸ਼ਤਾਵਾਂ ਹਨ ?

(ਗ) ਸਾਨੂੰ ਆਪਣੇ ਪੰਜਾਬੀ ਸੱਭਿਆਚਾਰ ਦੇ ਰਵਾਇਤੀ ਖਾਣੇ ਨੂੰ ਕਿਉਂ ਤਰਜੀਹ ਦੇਣੀ ਚਾਹੀਦੀ ਹੈ । 5×4=20

3. ਤੁਸੀਂ ਵੇਰਕਾ ਮਿਲਕ-ਪਲਾਂਟ ਦੇ ਉਤਪਾਦ ਵੇਚਣ ਦਾ ਕਾਰੋਬਾਰ ਆਪਣੇ ਇਲਾਕੇ ਵਿੱਚ ਕਰਨਾ ਚਾਹੁੰਦੇ ਹੋ । ਇਸ ਬਾਰੇ ਵੇਰਕਾ ਦੇ ਵੱਖ-ਵੱਖ ਉਤਪਾਦਾਂ ਆਦਿ ਦੀ ਜਾਣਕਾਰੀ ਲੈਣ ਹਿਤ ਨੇੜਲੇ ਵੇਰਕਾ ਮਿਲਕ-ਪਲਾਂਟ ਦੇ ਮੈਨੇਜਰ ਨੂੰ ਪੱਤਰ ਲਿਖੋ ।

ਜਾਂ

ਤੁਹਾਡੇ ਸਕੂਲ ਵਿੱਚ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਯੂਨੀਫਾਰਮ ਖ਼ਰੀਦਣ ਲਈ ਗ੍ਰਾਂਟ ਆਈ ਹੈ । ਵੇਰਵੇ ਦੱਸਦੇ ਹੋਏ ਕਿਸੇ ਫ਼ਰਮ ਤੋਂ ਕੁਟੇਸ਼ਨ ਦੀ ਮੰਗ ਕਰੋ ।

2+3+1=6

4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ :

ਕੋਈ ਡਰ ਲਓ । ਜਲ ਦਾ ਡਰ, ਅੱਗ ਦਾ ਡਰ, ਮੀਂਹ-ਹਨੇਰੀ, ਬਿਜਲੀ ਦਾ ਡਰ ...... ਸਭ ਦਾ ਕਾਰਨ 'ਮਰਨ-ਭੈ' ਹੈ । ਧਨ ਦੇ ਚੁਰਾਏ ਜਾਣ ਦਾ ਡਰ ਕਿਉਂ ਹੈ ? ਧਨ ਖੁੱਸ ਜਾਏਗਾ, ਤਾਂ ਕੀ ਹੋਵੇਗਾ ? ਲੋੜਾਂ ਪੂਰੀਆਂ ਨਾ ਹੋ ਸਕਣਗੀਆਂ, ਖਾਣ-ਪਹਿਨਣ ਨੂੰ ਨਹੀਂ ਮਿਲੇਗਾ । ਖਾਣ ਨੂੰ ਨਾ ਮਿਲਿਆ ਤਾਂ ਸਿੱਟਾ ਉਹੋ ਮੌਤ, ਪਹਿਨਣ ਨੂੰ ਨਾ ਲੱਭਾ ਤਾਂ ਗਰਮੀ-ਸਰਦੀ ਤੋਂ ਬਚਾਅ ਨਹੀਂ ਹੋ ਸਕੇਗਾ । ਫੇਰ ਕੀ ਹੋਵੇਗਾ ? ........ ਮੌਤ । ਬੇਰੁਜ਼ਗਾਰੀ ਦਾ ਡਰ, ਸਕੱਤਰ ਨੂੰ ਪ੍ਰਧਾਨ ਦਾ ਡਰ, ਨੌਕਰ ਨੂੰ ਮਾਲਕ ਦਾ ਡਰ, ਕਿਸਾਨ ਨੂੰ ਕੁਦਰਤੀ ਕਹਿਰ ਦਾ ਡਰ ........ ਇਹਨਾਂ ਸਾਰੇ ਡਰਾਂ ਦੀ ਜੜ੍ਹ ਇੱਕੋ ਮਰਨ-ਡਰ ਹੈ, ਜਾਂ ਕਹੋ ਸਾਡੀ 'ਹਉਮੈਂ' ਹੈ । ਸਾਡਾ ਆਪਾ ਹੈ । ਜਦ ਸਾਨੂੰ ਪਤਾ ਲੱਗ ਜਾਏ, ਜਦ ਸਾਨੂੰ ਸੋਝੀ ਆ ਜਾਏ, ਜਦ ਸਾਨੂੰ ਵਸਤ ਦਾ ਗਿਆਨ ਹੋ ਜਾਵੇ ਤਾਂ ਇਹਨਾਂ ਡਰਾਂ ਲਈ ਥਾਂ ਨਹੀਂ ਰਹਿੰਦੀ ।

3+1=4

5. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਇੱਕ ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ :

| (i) | (ii) |
|---|---|
| ਕਰਤਾਰਪੁਰ | ਰਿਸ਼ਟ-ਪੁਸ਼ਟ |
| ਗੁਰਦਾਸਪੁਰ | ਤਿੱਕੜੀ |
| ਹੁਸ਼ਿਆਰਪੁਰ | ਰੋਜ਼ਨਾਮਚਾ |
| ਜਲੰਧਰ | ਦਰੁਸਤ |
| ਪਠਾਨਕੋਟ | ਹਥੌੜਾ |
| ਲੁਧਿਆਣਾ | ਬਜ਼ੁਰਗ |

3

6. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ :

(ੳ) ਮਿਹਨਤ ਸਫ਼ਲ ਹੋਈ । (ਨਾਂਹ-ਵਾਚਕ-ਵਾਕ)

(ਅ) ਮੇਰੀ ਇੱਛਾ ਹੈ ਕਿ ਮੈਂ ਅਮੀਰ ਹੋਵਾਂ । (ਵਿਸਮੈ-ਵਾਚਕ-ਵਾਕ)

(ੲ) ਬੱਚੇ ਸਭ ਨੂੰ ਪਿਆਰੇ ਲੱਗਦੇ ਹਨ । (ਪ੍ਰਸ਼ਨ-ਵਾਚਕ-ਵਾਕ)

(ਸ) ਜਦ ਬਿਪਤਾ ਪਏ ਤਦ ਧੀਰਜ ਰੱਖੋ । (ਸਧਾਰਨ-ਵਾਕ)

(ਹ) ਖਾਣਾ ਪਰੋਸ ਦਿਓ । (ਕਰਮਣੀ-ਵਾਚ) 3

7. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਵਰਤੋ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ :

(ੳ) ਆਪੇ ਫਾਥੜੀਏ ਤੈਨੂੰ ਕੌਣ ਛੁਡਾਏ

(ਅ) ਅਸ਼ਰਫ਼ਿਆਂ ਦੀ ਲੁੱਟ ਤੇ ਕੋਲਿਆਂ 'ਤੇ ਮੋਹਰਾਂ

(ਸ) ਖਿੰਦੋ ਫਰੋਲਿਆਂ ਲੀਰਾਂ ਹੀ ਨਿਕਲਣੀਆਂ ਹਨ

(ੲ) ਬਿੱਲੀ ਦੇ ਸਿਰ੍ਹਾਣੇ ਦੁੱਧ ਨਹੀਂ ਜੰਮਦਾ

(ਹ) ਠੂਠਾ ਫੁੱਟ ਕੇ ਛੰਨਾ ਮਿਲਿਆ

(ਕ) ਬਹਿ ਕੇ ਖਾਧਿਆਂ ਤਾਂ ਖੂਹ ਵੀ ਨਿਖੁੱਟ ਜਾਂਦੇ ਹਨ ।

(ਖ) ਗੱਲ ਕਹਿੰਦੀ ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਪਿੰਡੋਂ ਕਢਾਉਂਦੀ ਹਾਂ । 4×2=8

8. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਵਗਦੇ ਪਾਣੀ (ਡਾ. ਦੀਵਾਨ ਸਿੰਘ ਕਾਲੇਪਾਣੀ)

(ਅ) ਵਾਰਸ ਸ਼ਾਹ (ਅੰਮ੍ਰਿਤਾ ਪ੍ਰੀਤਮ)

(ੲ) ਗੀਤ (ਸ਼ਿਵ ਕੁਮਾਰ ਬਟਾਲਵੀ) । 4

9. ਕਿਸੇ ਇੱਕ ਕਹਾਣੀ ਦਾ ਸਾਰ ਲਿਖੋ :

(ੳ) ਸਾਂਝ (ਸੁਜਾਨ ਸਿੰਘ)

(ਅ) ਮਾੜਾ ਬੰਦਾ (ਪ੍ਰੇਮ ਪ੍ਰਕਾਸ਼) । 7